# ਪੰਜਾਬ ਸਕੂਲ ਸਿੱਖਿਆ ਬੋਰਡ

ਐਸ. ਏ. ਐਸ. ਨਗਰ (ਮੋਹਾਲੀ) - 160 062

**PUNJAB SCHOOL EDUCATION BOARD**

**S.A.S. Nagar (Mohali)-160 062**

ਨੰਬਰ 1144/ਓਪ ਸਰਟਫ ਸਾਖਾ

ਮਿਤੀ 08/12/25

ਵੱਲ

ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ),
ਪੰਜਾਬ।

**ਵਿਸ਼ਾ:-** **ਅਕਾਦਮਿਕ ਸਾਲ 2025-26 ਦੀ ਅੱਠਵੀਂ, ਦਸਵੀਂ ਅਤੇ ਬਾਰ੍ਹਵੀਂ ਸ਼੍ਰੇਣੀ ਦੀ ਸਾਲਾਨਾ ਪ੍ਰੀਖਿਆ ਦੇ ਪ੍ਰਸ਼ਨ ਪੱਤਰਾਂ ਸਬੰਧੀ।**

ਬੋਰਡ ਵੱਲੋਂ ਅਕਾਦਮਿਕ ਸੈਸ਼ਨ 2025-26 ਦੀ ਅੱਠਵੀਂ, ਦਸਵੀਂ ਅਤੇ ਬਾਰ੍ਹਵੀਂ ਸ਼੍ਰੇਣੀ ਦੇ ਪ੍ਰਸ਼ਨ ਪੱਤਰਾਂ ਦੀ ਬਣਤਰ ਵਿੱਚ ਕੁਝ ਮੱਹਤਵਪੂਰਨ ਤਬਦੀਲੀਆਂ ਕੀਤੀਆਂ ਗਈਆਂ ਹਨ। ਹੇਠ ਲਿਖਿਆ ਤਬਦੀਲੀਆਂ ਵਿਦਿਆਰਥੀਆਂ ਦੇ ਸੰਕਲਪਣਾਤਮਕ ਸਮਝ (Conceptual Understanding) ਨੂੰ ਮਜਬੂਤ ਕਰਨ ਲਈ ਅਤੇ ਰਟਨ ਪ੍ਰੀਕਿਰਿਆ ਤੋਂ ਬਚਾਉਣ ਲਈ ਕੀਤੀਆਂ ਗਈਆਂ ਹਨ :-

1. ਪ੍ਰਸ਼ਨ ਪੱਤਰਾਂ ਵਿੱਚ Objective type ਪ੍ਰਸ਼ਨਾਂ ਦੀ ਗਿਣਤੀ 40% ਤੋਂ ਘਟਾ ਕੇ 25% ਕਰ ਦਿੱਤੀ ਗਈ ਹੈ।
2. ਪ੍ਰਸ਼ਨ ਪੱਤਰਾਂ ਵਿੱਚ ਪਹਿਲਾ 100% ਹੀ ਪ੍ਰਸ਼ਨ ਪਾਠ-ਪੁਸਤਕਾਂ ਦੇ ਅਭਿਆਸਾਂ ਦੇ ਪ੍ਰਸ਼ਨ-ਬੈਂਕ ਵਿੱਚੋ ਪਾਏ ਜਾਂਦੇ ਸਨ ਨੂੰ ਹੁਣ ਅਕਾਦਮਿਕ ਸਾਲ ਤੋਂ 2025-26 ਵਿੱਚ ਬਦਲਦੇ ਹੋਏ, ਘਟੋ-ਘੱਟ 25%ਪ੍ਰਸ਼ਨ ਪਾਠ-ਪੁਸਤਕਾਂ ਦੀ ਵਿਸ਼ਾ ਵਸਤੂ ਵਿੱਚੋਂ ਭਾਵ ਅਭਿਆਸਾ ਤੋਂ ਇਲਾਵਾ, ਪਾਠ ਵਿੱਚੋਂ ਪਾਉਣੇ ਲਾਜ਼ਮੀ ਕੀਤੇ ਗਏ ਹਨ ਅਤੇ ਬਾਕੀ 75% ਪ੍ਰਸ਼ਨ ਪਾਠ-ਪੁਸਤਕਾਂ ਦੇ ਅਭਿਆਸਾਂ ਦੇ ਪ੍ਰਸ਼ਨ-ਬੈਂਕ ਵਿੱਚੋ ਪਾਏ ਜਾਣਗੇ।
3. ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਬੋਰਡ ਸ਼੍ਰੇਣੀਆਂ ਦੀਆਂ ਪ੍ਰੀਖਿਆਵਾਂ ਦਾ ਪੱਧਰ ਹੋਰ ਉੱਚਾ ਕਰਨ ਦੇ ਮੰਤਵ ਨਾਲ ਪ੍ਰਸ਼ਨ ਪੱਤਰ ਦਾ Difficulty level ਦੀ ਵੰਡ ਜੋ ਕਿ ਪਿਛਲੇ ਸਾਲਾਂ ਦੌਰਾਨ 40% ਔਸਤ ਤੋਂ ਘੱਟ (Below average), 40% ਔਸਤ (average) ਅਤੇ 20% ਔਸਤ ਤੋਂ ਵੱਧ (Above average) ਸੀ, ਨੂੰ ਬਦਲਦੇ ਹੋਏ ਹੁਣ 30% ਔਸਤ ਤੋਂ ਘੱਟ (Below average), 40% ਔਸਤ (average) ਅਤੇ 30% ਔਸਤ ਤੋਂ ਵੱਧ (Above average) ਕਰ ਦਿੱਤਾ ਗਿਆ ਹੈ।

ਉਕਤ ਤਬਦੀਲੀਆਂ ਪ੍ਰਸ਼ਨ ਪੱਤਰਾਂ ਦੇ ਮਿਆਰ ਜੋ ਕਿ ਅਕਾਦਮਿਕ ਸੈਸ਼ਨ 2018-19 ਦੌਰਾਨ ਸੀ ਭਾਵ ਕਰੋਨਾ ਕਾਲ ਤੋਂ ਪਹਿਲਾਂ, ਉਸ ਨੂੰ ਮੁੜ ਤੋਂ ਭਵਿੱਖ ਵਿੱਚ ਹੋਣ ਵਾਲੀਆਂ ਪ੍ਰੀਖਿਆਵਾਂ (ਅਕਾਦਮਿਕ ਸੈਸ਼ਨ 2025-26) ਵਿੱਚ ਲਾਗੂ ਕਰਨ ਸਬੰਧੀ ਕੀਤਾ ਜਾ ਰਿਹਾ ਹੈ।

ਆਪ ਜੀ ਵੱਲੋਂ ਆਪਣੇ ਜਿਲ੍ਹੇ ਵਿੱਚ ਇਹਨਾਂ ਸ਼੍ਰੇਣੀਆਂ ਨੂੰ ਪੜ੍ਹਾ ਰਹੇ ਸਾਰੇ ਅਧਿਆਪਕਾਂ ਨੂੰ ਇਸ ਸਬੰਧੀ ਹਦਾਇਤ ਕੀਤੀ ਜਾਵੇ ਕਿ ਇਹਨਾਂ ਤਬਦੀਲੀਆਂ ਨੂੰ ਧਿਆਨ ਨਾਲ ਨੋਟ ਕਰਦੇ ਹੋਏ ਆਪਣੇ ਵਿਦਿਆਰਥੀਆਂ ਨੂੰ ਉਕਤ ਬੋਰਡ ਪ੍ਰੀਖਿਆਵਾਂ ਦੀ ਤਿਆਰੀ ਉਕਤ ਦਰਸਾਏ ਅਨੁਸਾਰ ਹੀ ਕਰਵਾਈ ਜਾਵੇ।

08/12/2025

ਉੱਪ-ਸਕੱਤਰ(ਅਕਾਦਮਿਕ)

ਪੰਜਾਬ ਸਕੂਲ ਸਿੱਖਿਆ ਬੋਰਡ

ਉਕਤ ਦਾ ਉਤਾਰਾਂ ਹੇਠ ਲਿਖਿਆ ਨੂੰ ਸੂਚਨਾ ਅਤੇ ਅਗਲੇਰੀ ਕਾਰਵਾਈ ਲਈ ਭੇਜੀ ਜਾਂਦੀ ਹੈ:-

1. ਡਾਇਰੈਕਟਰ, ਸਕੂਲ ਸਿੱਖਿਆ ਵਿਭਾਗ (ਸੈ.ਸਿ),ਪੰਜਾਬ
2. ਕੰਟਰੋਲਰ ਪ੍ਰੀਖਿਆਵਾਂ (ਪਸਸਬ)

08/12/2025

ਉੱਪ-ਸਕੱਤਰ(ਅਕਾਦਮਿਕ)

ਪੰਜਾਬ ਸਕੂਲ ਸਿੱਖਿਆ ਬੋਰਡ